## ਸਵਾਲ:

# ‘‘ਕੀ ਸਭ ਕਲੀਸੀਆਵਾਂ ਵਿਚ ਮਸੀਹੀ ਹਨ?’’

## ਜਵਾਬ:

ਮਸ਼ਹੂਰ ਹੈ ਕਿ ‘‘ਹਰ ਕਲੀਸੀਆ ਵਿਚ ਲੋਕ ਮਸੀਹੀ ਹਨ।’’ ਜੇ ਇਹ ਬਾਈਬਲ ਦੀ ਕੋਈ ਆਇਤ ਹੁੰਦੀ ਤਾਂ ਇਸ ਤੇ ਕੋਈ ਝਗੜਾ ਨਹੀਂ ਹੋਣਾ ਸੀ। ਪਰ ਖ਼ੁਦਾ ਦੇ ਅਵਿਨਾਸ਼ੀ ਵਚਨ ਵਿਚ ਅਜਿਹੀ ਕੋਈ ਗੱਲ ਨਹੀਂ ਹੈ, ਜਿਸ ਕਰਕੇ ਮਨੁੱਖ ਦੀਆਂ ਨਾਸ਼ਵਾਨ ਗੱਲਾਂ ਨੂੰ ਪਰਖਿਆ ਜਾਣਾ ਜਰੂਰੀ ਹੈ (1 ਥੱਸਲੁਨੀਕੀਆਂ 5:21)।

ਜੇ ਤੁਸੀਂ ਇਹ ਮਨ ਬਣਾ ਲਿਆ ਹੈ ਕਿ ਤੁਸੀਂ ਇਸ ਗੱਲ ਨੂੰ ਫੇਰ ਤੋਂ ਪਰਖਣ ਲਈ ਤਿਆਰ ਨਹੀਂ ਹੋ ਕਿ ਸਭ ਕਲੀਸੀਆਵਾਂ ਦੇ ਲੋਕ ਮਸੀਹੀ ਹਨ ਜਾਂ ਨਹੀਂ, ਤਾਂ ਤੁਹਾਡਾ ਮਨ ਸਹੀ ਨਹੀਂ ਹੈ। ਖ਼ੁਦਾ ਦਾ ਵਚਨ ਸਾਨੂੰ ਕੁਝ ਲੋਕਾਂ ਬਾਰੇ ਦੱਸਦਾ ਹੈ ਜਿਨ੍ਹਾਂ ਨੇ ਖ਼ੁਦਾ ਦੀ ਪ੍ਰੇਰਣਾ ਪਾਏ ਇਸਤੀਫ਼ਾਨ ਨਾਮਕ ਪ੍ਰਚਾਰਕ ਦੀਆਂ ਗੱਲਾਂ ਸੁਣੀਆਂ, ਪਰ ਉਨ੍ਹਾਂ ਨੇ ਯਕੀਨ ਨਹੀਂ ਕੀਤਾ। ਇਨ੍ਹਾਂ ਲੋਕਾਂ ਨੇ ਪ੍ਰਚਾਰਕ ਦੀ ਗੱਲ ਨੂੰ ਪਰਖਣ ਤੋਂ ਇਨਕਾਰ ਕਰ ਦਿੱਤਾ, ਅਤੇ ‘‘ਉਸ ਉੱਤੇ ਦੰਦੀਆਂ ਕਰੀਚਣ ਲੱਗੇ।’’ ਫਿਰ ‘‘ਉਨ੍ਹਾਂ ਨੇ ਉੱਚੀ ਅਵਾਜ਼ ਨਾਲ ਡੰਡ ਪਾ ਕੇ ਆਪਣੇ ਕੰਨ ਬੰਦ ਕੀਤੇ ਅਤੇ ਇਕ ਮਨ ਹੋ ਕੇ ਉਹਦੇ ਉੱਤੇ ਟੁੱਟ ਪਏ ਅਤੇ ਸ਼ਹਿਰੋਂ ਬਾਹਰ ਕੱਢ ਕੇ ਉਹਨੂੰ ਪਥਰਾਅ ਕੀਤਾ ...’’ (ਰਸੂਲਾਂ ਦੇ ਕੰਮ 7:54–58)। ਉਨ੍ਹਾਂ ਦੇ ਮਨ ਸਾਫ਼ ਨਹੀਂ ਸਨ ਅਤੇ ਜੇ ਤੁਸੀਂ ਖ਼ੁਦਾ ਦੇ ਵਚਨ ਦਾ ਅਧਿਐਨ ਕਰਨ ਤੋਂ ਇਨਕਾਰ ਕਰਦੇ ਹੋ ਤਾਂ ਤੁਹਾਡੇ ਮਨ ਵੀ ਉਨ੍ਹਾਂ ਵਾਂਗ ਸਾਫ਼ ਨਹੀਂ ਹੋਣਗੇ।

ਖ਼ੁਦਾ ਸਾਨੂੰ ਲੋਕਾਂ ਦੇ ਇਕ ਹੋਰ ਸਮੂਹ ਬਾਰੇ ਦੱਸਦਾ ਹੈ ਜਿਨ੍ਹਾਂ ਨੇ ਖ਼ੁਦਾ ਦੀ ਪ੍ਰੇਰਣਾ ਪਾਏ ਪ੍ਰਚਾਰਕ ਨੂੰ ਸੁਣ ਕੇ ਉਸ ਦੀ ਗੱਲ ਉੱਤੇ ਅੱਖਾਂ ਮੀਟ ਕੇ ਯਕੀਨ ਨਹੀਂ ਕੀਤਾ ਸੀ, ‘‘ਇਨ੍ਹਾਂ ਨੇ ਮਨ ਦੀ ਵੱਡੀ ਚਾਹ ਨਾਲ ਵਚਨ ਨੂੰ ਮੰਨ ਲਿਆ ਅਤੇ ਰੋਜ਼ ਲਿਖਤਾਂ ਵਿਚ ਭਾਲ ਕਰਦੇ ਰਹੇ ਕਿ ਇਹ ਗੱਲਾਂ ਇਸੇ ਤਰ੍ਹਾਂ ਹਨ ਕਿ ਨਹੀਂ’’ (ਰਸੂਲਾਂ ਦੇ ਕੰਮ 17:11)। ਇਨ੍ਹਾਂ ਦੇ ਮਨ ਸਹੀ ਸਨ।

ਜਦ ਅਸੀਂ ‘‘ਮਸੀਹੀ’’ ਸ਼ਬਦ ਦੀ ਵਰਤੋਂ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਕਹਿਣ ਤੋਂ ਕੀ ਭਾਵ ਹੰਦਾ ਹੈ? ਬਹੁਤ ਸਾਰੇ ਲੋਕਾਂ ਦਾ ਜਵਾਬ ਹੁੰਦਾ ਹੈ, ‘‘ਮਸੀਹੀ ਆਦਮੀ ਬੜਾ ਭਲਾ ਆਦਮੀ ਹੁੰਦਾ ਹੈ।’’ ਕੋਈ ਹੋਰ ਕਹਿ ਸਕਦਾ ਹੈ, ‘‘ਮੇਰੀ ਗੁਆਂਢਣ ਕਿਸੇ ਕਲੀਸੀਆ ਦੀ ਮੈਂਬਰ ਤਾਂ ਨਹੀ ਹੈ, ਪਰ ਉਹ ਬਹੁਤ ਚੰਗੀ ਗੁਆਂਢਣ ਹੈ। ਉਹ ਬੀਮਾਰਾਂ ਦੀ ਮਦਦ ਕਰਦੀ ਹੈ ਅਤੇ ਇਸ ਸ਼ਹਿਰ ਵਿਚ ਸਭ ਤੋਂ ਵਧੀਆ ਮਸੀਹੀ ਔਰਤਾਂ ਵਿਚ ਉਸ ਦਾ ਨਾਂਅ ਹੈ।’’ ਭਲਾ ਸਭ ਕਲੀਸੀਆਵਾਂ ਦੇ ਲੋਕ ਮਸੀਹੀ ਹਨ? ਯਕੀਨਨ ਹੀ ਆਮ ਅਰਥ ਵਿਚ, ‘‘ਜੇ ਮਸੀਹੀ’’ ਤੋਂ ਭਾਵ ਆਪਣੇ ਗੁਆਂਢੀਆਂ ਨਾਲ ਰਹਿਮ ਦਿਲ ਅਤੇ ਤਰਸਵਾਨ ਹੋਣਾ ਹੈ ਤਾਂ ਇਹਦਾ ਮਤਲਬ ਇਹੀ ਹੈ। ‘‘ਮਸੀਹੀ’’ ਦੀ ਉਸ ਪਰਿਭਾਸ਼ਾ ਅਨੁਸਾਰ ਸਭ ਕਲੀਸੀਆਵਾਂ ਦੇ ਲੋਕ ਮਸੀਹੀ ਹਨ, ਸਭ ਕਲੀਸੀਆਵਾਂ ਦੇ ਬਾਹਰ ਦੇ ਲੋਕ ਮਸੀਹੀ

ਹਨ ਅਤੇ ਮਸੀਹ ਵਿਚ ਯਕੀਨ ਨਾ ਰੱਖਣ ਵਾਲੇ ਲੋਕ ਵੀ ਮਸੀਹੀ ਹੀ ਹਨ। ਜੇ ਇਸ ਪਰਿਭਾਸ਼ਾ ਨੂੰ ਮੰਨ ਲਿਆ ਜਾਵੇ ਤਾਂ ਰਹਿਮ ਦਿਲ, ਦਿਆਲੂ ਮੁਸਲਿਮ ਅਤੇ ਬੋਧੀ ਲੋਕ ਵੀ ਮਸੀਹੀ ਹੀ ਹਨ।

ਹੋਰ ਲੋਕ ਆਖ ਸਕਦੇ ਹਨ, ''ਮਸੀਹੀ ਆਦਮੀ ਭਲਾ ਹੋਣ ਦੇ ਨਾਲ–ਨਾਲ ਮਸੀਹ ਵਿਚ ਵਿਸ਼ਵਾਸ ਕਰਨ ਵਾਲਾ ਵੀ ਹੁੰਦਾ ਹੈ।'' ਜੇ ਮਸੀਹੀ ਦੀ ਪਰਿਭਾਸ਼ਾ ਦੂਜੀ ਵਾਲੀ ਹੈ ਤਾਂ ਭਲਾ ਸਭ ਕਲੀਸੀਆਵਾਂ ਦੇ ਲੋਕ ਮਸੀਹੀ ਹਨ? ਫ਼ੌਰਨ ਸਾਨੂੰ ਕਹਿਣਾ ਪਵੇਗਾ ਕਿ, ''ਨਹੀਂ, ਕਿਉਂਕਿ ਯਿਸੂ ਨੂੰ ਖ਼ੁਦਾ ਦਾ ਬੇਟਾ ਨਾ ਮੰਨਣ ਵਾਲੀਆਂ ਅਤੇ ਯਹੂਦੀ ਕਲੀਸੀਆਵਾਂ ਮਸੀਹ ਵਿਚ ਵਿਸ਼ਵਾਸ ਦੀ ਸਿੱਖਿਆ ਨਹੀਂ ਦਿੰਦੀਆਂ'' ਇਸ ਕਰਕੇ ਜੇ ਮਸੀਹੀ ਬਣਨ ਲਈ ਮਸੀਹ ਵਿਚ ਵਿਸ਼ਵਾਸ ਕਰਨਾ ਜ਼ਰੂਰੀ ਹੈ ਤਾਂ ਯਿਸੂ ਨੂੰ ਖ਼ੁਦਾ ਦਾ ਬੇਟਾ ਨਾ ਮੰਨਣ ਵਾਲੀ ਕਲੀਸੀਆ ਜਾਂ ਯਹੂਦੀ ਕਲੀਸੀਆ, ਦੋਹਾਂ ਵਿੱਚੋਂ ਕੋਈ ਵੀ ਮਸੀਹੀ ਨਹੀਂ ਹੈ।

ਜੇ ਤੁਸੀਂ ਬਾਈਬਲ ਨੂੰ ਵੇਖੋ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਮਸੀਹੀ ਬਣਨ ਲਈ ਸਿਰਫ਼ ਵਿਸ਼ਵਾਸ ਦੀ ਹੀ ਲੋੜ ਨਹੀਂ ਹੈ। ਮਸੀਹ ਵਿਚ ਵਿਸ਼ਵਾਸ ਕਰਨ ਵਾਲਿਆਂ ਨੂੰ ''ਪਰਮੇਸ਼ੁਰ ਦੀ ਸੰਤਾਨ'' ਭਾਵ ਮਸੀਹੀ ਬਣਨ ਦਾ ਹੱਕ ਮਿਲ ਜਾਂਦਾ ਹੈ, ਪਰ ਜਦ ਤਕ ਉਹ ਵਿਸ਼ਵਾਸ ਨਹੀਂ ਕਰਦੇ ਤਦ ਤਕ ਉਹ ਮਸੀਹੀ ਨਹੀਂ ਅਖਵਾ ਸਕਦੇ (ਯੂਹੰਨਾ 1:12; 12:42)। ਬਾਈਬਲ ਸਾਨੂੰ ਉਨ੍ਹਾਂ ਹਜ਼ਾਰਾਂ ਲੋਕਾਂ ਬਾਰੇ ਦੱਸਦੀ ਹੈ ਜਿਨ੍ਹਾਂ ਨੇ ਯਿਸੂ ਵਿਚ ਵਿਸ਼ਵਾਸ ਕੀਤਾ (ਰਸੂਲਾਂ ਦੇ ਕੰਮ 2:36–47), ਪਰ ਉਹ ਬਚਾਏ ਨਹੀਂ ਗਏ। ਤੌਬਾ ਕਰਕੇ ਬਪਤਿਸਮਾ ਲਏ ਬਿਨਾਂ ਉਹ ਮਸੀਹੀ ਨਹੀਂ ਬਣੇ ਸਨ। ਖ਼ੁਦਾ ਨੇ ਉਨ੍ਹਾਂ ਲੋਕਾਂ ਨੂੰ ਵੀ ਬਚਾਇਆ ਸੀ ਜਿਨ੍ਹਾਂ ਨੇ ਨਿਹਚਾ ਕੀਤੀ, ਤੌਬਾ ਕੀਤੀ ਅਤੇ ਬਪਤਿਸਮਾ ਲਿਆ; ਨਾਲੇ ਚੇਲਿਆਂ ਨੂੰ ਜਿਹੜੇ ''ਮਸੀਹੀ'' ਅਖਵਾਉਂਦੇ ਸਨ (ਰਸੂਲਾਂ ਦੇ ਕੰਮ 11:26; 26:28; 1 ਪਤਰਸ 4:16; ਵੇਖੋ ਯਾਕੂਬ 2:7)। ਬਾਈਬਲ ਖ਼ੁਦਾ ਵੱਲੋਂ ਇਹ ਸਾਬਤ ਕਰਦੀ ਹੈ ਕਿ ਮਸੀਹੀ ਆਦਮੀ ਵਿਸ਼ਵਾਸ ਕਰਨ ਵਾਲਾ, ਪਸ਼ਚਾਤਾਪੀ, ਡੁਬਕੀ ਲੈ ਚੁੱਕਾ ਆਦਮੀ ਹੈ। ਤਾਂ ਭਲਾ ਸਭ ਕਲੀਸੀਆਵਾਂ ਦੇ ਲੋਕ ਮਸੀਹੀ ਹਨ?

ਭਲਾ ਕਲੀਸੀਆਵਾਂ ਵਿਚ ਹਜ਼ਾਰਾਂ ਲੋਕ ਅਜਿਹੇ ਹਨ ਜੋ ਵਿਸ਼ਵਾਸ ਕਰਕੇ ਨਹੀਂ ਬਲਕਿ ਬਚਪਨ ਤੋਂ ਉਨ੍ਹਾਂ ਵਿਚ ਆਏ ਹਨ ਭਾਵ ਉਨ੍ਹਾਂ ਕਲੀਸੀਆਵਾਂ ਵਿਚ ਉਨ੍ਹਾਂ ਨੂੰ ਆਪਣੇ ਮਾਤਾ ਪਿਤਾ ਦੇ ਵਿਸ਼ਵਾਸ ਕਰਕੇ ਮੈਂਬਰਸ਼ਿਪ ਮਿਲੀ ਹੈ। ਭਲਾ ਬਾਈਬਲ ਮੁਤਾਬਿਕ ਉਹ ਮਸੀਹੀ ਹਨ? ਉਨ੍ਹਾਂ ਕਲੀਸੀਆਵਾਂ ਵਿਚ ਉਨ੍ਹਾਂ ਦੀ ਆਮਦ ਤੌਬਾ ਕੀਤੇ ਬਗੈਰ ਹੋਈ, ਕਿਉਂਕਿ ਉਨ੍ਹਾਂ ਨੂੰ ਆਪਣੇ ਸੱਜੇ ਖੱਬੇ ਦਾ ਵੀ ਪਤਾ ਨਹੀਂ ਸੀ। ਭਲਾ ਉਹ ਬਾਈਬਲ ਦੀ ਪਰਿਭਾਸ਼ਾ ਮੁਤਾਬਿਕ ਮਸੀਹੀ ਹਨ? ਹਜ਼ਾਰਾਂ ਲੋਕ ਅਜਿਹੇ ਹਨ ਜੋ ਡੁਬਕੀ ਦੀ ਥਾਂ ਛਿੜਕਾਅ ਦੇ ਰਾਹੀਂ ਉਨ੍ਹਾਂ ਕਲੀਸੀਆਵਾਂ ਵਿਚ ਆਏ (ਰੋਮੀਆਂ 6:4; ਕੁਲੁੱਸੀਆਂ 2:12)। ਭਲਾ ਉਹ ਬਿਲਕੁਲ ਉਵੇਂ ਹੀ ਮਸੀਹੀ ਹਨ ਜਿਵੇਂ ਖ਼ੁਦਾ ਆਪਣੇ ਵਚਨ ਵਿਚ ਮਸੀਹੀ ਬਣਨ ਲਈ ਕਹਿੰਦਾ ਹੈ? ਹਜ਼ਾਰਾਂ ਲੋਕ ਅਜਿਹੇ ਵੀ ਹਨ ਜਿਹੜੇ ਡੁਬਕੀ ਲੈ ਕੇ ਤਾਂ ਆਏ ਪਰ ਮਸੀਹੀ ਬਣਨ ਦੀ ਸਿੱਖਿਆ (''ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲਵੋ'' ਰਸੂਲਾਂ ਦੇ ਕੰਮ 2:38; ''ਆਪਣੇ ਪਾਪ ਧੋ ਸੁਟ'' ਰਸੂਲਾਂ ਦੇ ਕੰਮ 22:16) ਉਨ੍ਹਾਂ ਨੂੰ ਕਿਸੇ ਨਹੀਂ ਦਿੱਤੀ। ਉਨ੍ਹਾਂ ਨੂੰ ਬਪਤਿਸਮਾ ਲੈਣ ਲਈ ਕਿਹਾ ਗਿਆ ਕਿਉਂਕਿ ਉਹ ਪਹਿਲਾਂ ਤੋਂ ਹੀ ਮਸੀਹੀ ਸਨ। ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਪਾਪ ਬਿਨਾਂ ਬਪਤਿਸਮਾ ਲਏ ਮਾਫ਼ ਹੋ ਜਾਂਦੇ ਹਨ। ਭਲਾ ਉਹ ਬਿਲਕੁਲ ਉਵੇਂ ਹੀ ਮਸੀਹੀ ਹਨ ਜਿਵੇਂ ਖ਼ੁਦਾ ਆਪਣੀ ਕਿਤਾਬ ਵਿਚ ਮਸੀਹੀ ਦੀ ਪਰਿਭਾਸ਼ਾ ਦੱਸਦਾ ਹੈ? ਜੇ ਬਾਈਬਲ ਦੇ ਅਰਥ ਵਿਚ ਨਹੀਂ ਤਾਂ ਫਿਰ ਕਿਸ ਅਰਥ ਵਿਚ ਸਨ? ਲੋਕਾਂ ਨੂੰ ਮਸੀਹੀ ਬਣਨ ਲਈ ਪ੍ਰਭੂ ਦੀ ਗੱਲ ਨੂੰ ਬਦਲਣ ਦਾ ਇਖ਼ਤਿਆਰ ਕਿਸ ਨੇ ਦਿੱਤਾ ਹੈ?

ਬਾਈਬਲ ਦੇ ਅਰਥ ਵਿਚ ਮਸੀਹੀ ਉਹ ਲੋਕ ਹਨ ਜਿਨ੍ਹਾਂ ਨੇ ਰਸੂਲਾਂ ਦੇ ਕੰਮ 2:38 ਦੀ ਗੱਲ ਮੰਨੀ ਹੈ, ਫਿਰ ਕਿਸੇ ਡਿਨੋਮੀਨੇਸ਼ਨ ਵਿਚ ਸ਼ਾਮਿਲ ਹੋ ਗਏ ਹਨ। ਭਲਾ ਉਹ ਮਸੀਹੀ ਹਨ? ਹਾਂ, ਪਰ

ਗਲਤ ਥਾਂ ਚਲੇ ਗਏ ਹਨ। ਖ਼ੁਦਾ ਸਾਨੂੰ ਦੱਸਦਾ ਹੈ ਕਿ ਮਸੀਹੀ ਲੋਕਾਂ ਦਾ ਧੜਿਆਂ ਵਿਚ ਵੰਡਿਆ ਜਾਣਾ ਗ਼ਲਤ ਹੈ (1 ਕੁਰਿੰਥੀਆਂ 1:10–13)। ਉਹ ਖ਼ੁਦਾ ਦੇ ਲੋਕ ਤਾਂ ਹਨ, ਪਰ ਬੜੀ ਵੱਡੀ ਗ਼ਲਤੀ ਕਰ ਰਹੇ ਹਨ।

ਬਾਈਬਲ ਦੀ ਪਰਿਭਾਸ਼ਾ ਮੁਤਾਬਿਕ ਉਹੀ ਲੋਕ ਹਨ ਜਿਨ੍ਹਾਂ ਨੇ ਆਪਣੀ ਮਰਜ਼ੀ ਨਾਲ ਬਾਈਬਲ ਦੇ ਇਖ਼ਤਿਆਰ ਦੇ ਬਿਨਾਂ ਬੰਦਗੀ ਵਿਚ ਕੁਆਇਰਾਂ ਅਤੇ ਗਾਉਣ ਨਾਲ ਸਾਜ਼ਾਂ ਨੂੰ ਜੋੜ ਲਿਆ ਹੈ। ਭਲਾ ਉਹ ਮਸੀਹੀ ਹਨ? ਹਾਂ, ਪਰ ਉਨ੍ਹਾਂ ਨੇ ਮੰਡਲੀ ਵੱਲੋਂ ਮਿਲ ਕੇ ਗੀਤ ਗਾਉਣ ਨੂੰ (ਅਫ਼ਸੀਆਂ 5:19; ਇਬਰਾਨੀਆਂ 13:15) ਨੁਮਾਇਸ਼ ਦਾ ਰੂਪ ਦੇ ਦਿੱਤਾ ਹੈ।

ਇਸ ਤੋਂ ਇਲਾਵਾ ਉਹ ਲੋਕ ਵੀ ਹਨ ਜੋ ਬਾਈਬਲ ਦੀ ਪਰਿਭਾਸ਼ਾ ਦੇ ਮੁਤਾਬਿਕ ਉਹ ਮਸੀਹੀ ਹਨ ਜਿਹੜੇ ਖ਼ੁਦਾ ਦੇ ਮੁਬਾਰਕ ਕੰਮ ਤੋਂ ਬੇਪਰਵਾਹ ਹੋ ਗਏ ਹਨ। ਭਲਾ ਉਹ ਮਸੀਹੀ ਹਨ? ਹਾਂ, ਪਰ ਖ਼ੁਦਾ ਕਹਿੰਦਾ ਹੈ, ''ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ ਭਈ ਤੂੰ ਨਾ ਤਾਂ ਠੰਡਾ ਹੈਂ ਅਤੇ ਨਾ ਤੱਤਾ। ਮੈਂ ਚਾਹੁੰਦਾ ਹਾਂ ਕਿ ਤੂੰ ਠੰਡਾ ਜਾਂ ਤੱਤਾ ਹੁੰਦਾ। ਸੋ ਤੂੰ ਸੀਲ ਗਰਮ ਜੋ ਹੈਂ। ਨਾ ਤੱਤਾ ਨਾ ਠੰਡਾ, ਇਸ ਕਾਰਣ ਮੈਂ ਤੈਨੂੰ ਆਪਣੇ ਮੂੰਹ ਵਿੱਚੋਂ ਉਗਲ ਸੁੱਟਾਂਗਾ'' (ਪ੍ਰਕਾਸ਼ ਦੀ ਪੋਥੀ 3:15, 16)। ਸੀਲ ਗਰਮ ਮਸੀਹੀ ਪ੍ਰਭੂ ਨੂੰ ਦੁਖੀ ਕਰ ਦਿੰਦੇ ਹਨ। ਲਿਖਤ ਮੁਤਾਬਿਕ ਇਨ੍ਹਾਂ ਹਲਾਤ ਦਾ ਹੋਣਾ ਗਲਤ ਹੈ ਅਤੇ ਇਨ੍ਹਾਂ ਉੱਤੇ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ। (1) ਕਲੀਸੀਆ ਦੇ ਲੋਕਾਂ ਨੂੰ ਜਿਹੜੇ ਉਵੇਂ ਮਸੀਹੀ ਨਹੀਂ ਹਨ ਜਿਵੇਂ ਬਾਈਬਲ ਦੱਸਦੀ ਹੈ ਕਿ ਮਸੀਹੀ ਲੋਕਾਂ ਨੂੰ ਹੋਣਾ ਚਾਹੀਦਾ ਹੈ, ਚਾਹੀਦਾ ਹੈ ਕਿ ਉਹ ਉਵੇਂ ਹੀ ਮਸੀਹੀ ਬਣਨ। (2) ਕਲੀਸੀਆ ਦੇ ਮੈਂਬਰਾਂ ਨੂੰ ਜਿਹੜੇ ਬਾਈਬਲ ਦੀ ਪਰਿਭਾਸ਼ਾ ਅਨੁਸਾਰ ਮਸੀਹੀ ਹਨ, ਚਾਹੀਦਾ ਹੈ ਕਿ ਉਹ ਮਨੁੱਖਾਂ ਦੀਆਂ ਬਣਾਈਆਂ ਰਵਾਇਤਾਂ ਨੂੰ ਛੱਡ ਕੇ ਬਾਈਬਲ ਵਿਚ ਦੱਸੀ ਬੰਦਗੀ ਦੀ ਸਾਦਗੀ ਵੱਲ ਵਾਪਸ ਆ ਜਾਣ। (3) ਬਾਈਬਲ ਦੀ ਪਰਿਭਾਸ਼ਾ ਅਨੁਸਾਰ ਮਸੀਹੀ ਅਖਵਾਉਣ ਵਾਲੇ ਕਲੀਸੀਆ ਦੇ ਲੋਕਾਂ ਨੂੰ ਜਿਹੜੇ ਸੀਲ ਗਰਮ ਮਸੀਹੀ ਬਣ ਗਏ ਹਨ, ਆਪਣੇ ''ਪਹਿਲੇ ਪਿਆਰ'' ਕੋਲ ਵਾਪਸ ਆ ਜਾਣਾ ਚਾਹੀਦਾ ਹੈ (ਪ੍ਰਕਾਸ਼ ਦੀ ਪੋਥੀ 2:4)।

---

## ਖ਼ੁਦਾ ਦਾ ਅਜੀਬ ਫ਼ਜ਼ਲ[1]

ਮਨੁੱਖ ਦੇ ਪਾਪ ਦੀ ਭਿਆਨਕਤਾ ਜੰਗ, ਲਾਲਚ, ਨਫ਼ਰਤ ਅਤੇ ਖੁਦਗਰਜ਼ੀ ਵਿਚ ਨਜ਼ਰ ਆਉਂਦੀ ਹੈ; ਪਰ ਕਲਵਰੀ ਵਾਲੀ ਜ਼ਾਲਿਮ ਸਲੀਬ ਵਿਚ ਇਹ ਬਹੁਤ ਹੀ ਸਾਫ਼ ਲਗਦੀ ਹੈ। ਖ਼ੁਦਾ ਦਾ ਅਜੀਬ ਫ਼ਜ਼ਲ ਭਾਵ ਉਹਦੀ ਉਹ ਕਿਰਪਾ ਜਿਸ ਨੂੰ ਕਮਾਇਆ ਨਹੀਂ ਜਾ ਸਕਦਾ, ਹੀ ਸਾਡੀ ਮੁਕਤੀ ਦੀ ਇੱਕੋ ਇਕ ਆਸ ਹੈ। ਖ਼ੁਦਾ ਦਾ ਸ਼ੁਕਰ ਹੋਵੇ ਕਿ ਉਸ ਨੇ ਸਾਡੇ ਉੱਤੇ ਉਹ ਕਿਰਪਾ ਵਿਖਾਉਣਾ ਸਹੀ ਸਮਝਿਆ ਜਿਸਦੇ ਅਸੀਂ ਯੋਗ ਨਹੀਂ ਸਾਂ। ''ਕਿਉਂ ਜੋ ਪਰਮੇਸ਼ੁਰ ਦੀ ਕਿਰਪਾ ਸਭਨਾਂ ਮਨੁੱਖਾਂ ਦੀ ਮੁਕਤੀ ਲਈ ਪਰਗਟ ਹੋਈ'' (ਤੀਤੁਸ 2:11)। ਜੇ ਖ਼ੁਦਾ ਪੂਰੀ ਤਰ੍ਹਾਂ ਨਾਲ ਨਿਆਂ ਦੀ ਮੰਗ ਕਰਦਾ ਤਾਂ ਸਾਡੇ ਵਿੱਚੋਂ ਕੋਈ ਵੀ ਬਚਾਇਆ ਨਹੀਂ ਜਾ ਸਕਦਾ ਸੀ!

ਖ਼ੁਦਾ ਨੇ ਜਗਤ ਦੇ ਬਣਾਉਣ ਤੋਂ ਵੀ ਪਹਿਲਾਂ, ਮਨੁੱਖ ਦੇ ਬਚਾਉਣ ਦੀ ਯੋਜਨਾ ਬਣਾ ਲਈ ਸੀ। ਉਸ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਕਿ ਉਹ ਉਹਦੀ ਸੰਤਾਨ ਦੇ ਰਾਹੀਂ ਸੰਸਾਰ ਨੂੰ ਬਰਕਤ ਦਏਗਾ ਅਤੇ ਇਹ ਵਾਅਦਾ ਮਸੀਹ ਦੀ ਸਲੀਬ ਦੀਆਂ ਬਰਕਤਾਂ ਵਿਚ ਪੂਰਾ ਹੋਇਆ। ਖ਼ੁਦਾ ਦਾ ਬੇਟਾ ਸਾਡੇ ਪਾਪਾਂ ਨੂੰ ਚੁੱਕਣਾ ਵਾਲਾ, ਸਾਡੇ ਪਾਪਾਂ ਦੀ ਕੁਰਬਾਨੀ ਅਤੇ ਸਾਡੇ ਲਈ ਪ੍ਰਾਸਚਿਤ ਬਣ ਗਿਆ।

ਖ਼ੁਦਾ ਦੇ ਫ਼ਜ਼ਲ ਨੂੰ ਪਾਉਣਾ ਪੂਰੀ ਤਰ੍ਹਾਂ ਨਿਹਚਾ ਨਾਲ ਮਸੀਹ ਨੂੰ ਆਪਣਾ ਮੁਕਤੀਦਾਤਾ ਮੰਨਣ ਤੇ ਨਿਰਭਰ ਕਰਦਾ ਹੈ। ਇਸ ਵਿਸ਼ਵਾਸ ਵਿਚ ਭਰੋਸਾ, ਯਕੀਨ ਕਰਨਾ, ਨਿਰਭਰਤਾ ਅਤੇ ਹੁਕਮ ਮੰਨਣਾ ਸ਼ਾਮਿਲ ਹੈ। ਇਸ ਵਿਚ ਸਾਡੀ ਕਿਸੇ ਖੂਬੀ ਦੀ ਲੋੜ ਨਹੀਂ ਹੈ। ਅਸੀਂ ਆਪਣੇ ਪ੍ਰਭੂ ਦੀ ਹਰ

ਗੱਲ ਨੂੰ ਮੰਨਣ ਅਤੇ ਉਹਦੇ ਅੱਗੇ ਝੁਕਣ ਲਈ ਭਾਵ ਪਾਪ ਤੋਂ ਮੁੜਨ, ਮਸੀਹ ਵਿਚ ਬਪਤਿਸਮਾ ਲੈਣ, ਦੂਜਿਆਂ ਤਕ ਪ੍ਰੇਮ ਨਾਲ ਪਹੁੰਚਣ ਅਤੇ ਪੂਰੀ ਦੁਨੀਆਂ ਵਿਚ ਖੁਸ਼ਖ਼ਬਰੀ ਸੁਣਾਉਣ ਲਈ ਝੁਕ ਜਾਂਦੇ ਹਾਂ ਅਤੇ ਸਾਨੂੰ ਝੁਕਣਾ ਵੀ ਚਾਹੀਦਾ ਹੈ। ਅਸੀਂ ਜੋ ਕੁਝ ਵੀ ਕਰ ਸਕਦੇ ਹਾਂ ਉਸ ਸਭ ਦੇ ਬਾਵਜੂਦ, ਅਸੀਂ ਮੁਕਤੀ ਦੀ ਇਕ ਵੀ ਗੱਲ ਕਮਾ ਨਹੀਂ ਸਕਦੇ ‘‘ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ’’ (ਅਫ਼ਸੀਆਂ 2:8, 9)।

---

ਟਿੱਪਣੀਅ

[1]ਐਫ਼. ਡਬਲਯੂ. ਮੈਟੋਕਸ, ‘‘ਦ ਅਮੇਜ਼ਿੰਗ ਗ੍ਰੇਸ ਆਫ਼ ਗੌਡ,’’ *ਟਵੰਟੀਅਥ ਸੈਂਚੁਰੀ ਕ੍ਰਿਸਚਿਅਨ,* 14 (ਮਈ 1952): 3–5 ਤੋਂ ਲਿਆ ਗਿਆ।